ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।

(ਪ੍ਰਮੋਸ਼ਨ ਸੈੱਲ)

ਦਫ਼ਤਰੀ ਕਾਰਜ ਲਈ ਨੋਟਿਸ

ਨੰਬਰ – ਈ-1000147/2023 (ਪੀ-3) ਮਿਤੀ- 24-06-2026

1. Notification No. G.S.R. 48/Const./ Art.309/ Amd.(4)/2024 dated the 04.09.2024, containing amendment in the Punjab Educational (Teaching Cadre) Group 'C' Service Rules, 2018 ਅਤੇ Notification No.G.S.R.192/Const./Art.309/Amd.(7)/ 2025 dated 10.12.2025 containing amendment in the Punjab Educational (Teaching Cadre) Group C Service Rules, 2018 ਦੀ ਰੌਸ਼ਨੀ ਵਿੱਚ ਐਚ.ਟੀ. / ਸੀ.ਐੱਚ.ਟੀ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਲਈ ਰਾਖਵੇਂ ਕੋਟੇ ਅਧੀਨ ਪਦ-ਉੱਨਤੀਆਂ ਵਿਚਾਰਨ ਲਈ ਪੰਜਾਬ ਰਾਜ ਦੇ ਵੱਖ-2 ਜਿਲਿਆਂ ਵਿੱਚ ਤੈਨਾਤ ਐਚ.ਟੀ. / ਸੀ.ਐੱਚ.ਟੀ ਕਾਡਰ ਦੇ ਕਰਮਚਾਰੀਆਂ ਦੀ ਇੰਟਰਸੇ ਸੀਨੀਆਰਤਾ ਤਿਆਰ ਕੀਤੀ ਗਈ ਹੈ।
2. ਇਹ ਇੰਟਰਸੇ ਸੀਨੀਆਰਤਾ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਦਿਆਂ ਤਿਆਰ ਕੀਤੀ ਗਈ ਹੈ-
   - (i) ਇਹ ਇੰਟਰਸੇ ਸੀਨੀਆਰਤਾ ਐਚ.ਟੀ. / ਸੀ.ਐੱਚ.ਟੀ. ਕਾਡਰ ਵਿੱਚ ਪਦ-ਉੱਨਤ ਅਤੇ ਸਿੱਧੀ ਭਰਤੀ ਰਾਹੀਂ ਨਿਯੁਕਤ ਕਰਮਚਾਰੀਆਂ ਦੇ ਵੱਖ-ਵੱਖ ਬੈਚਾਂ ਦੇ ਆਧਾਰ ਤੇ ਤਿਆਰ ਕੀਤੀ ਗਈ ਹੈ।
   - (ii) ਕਿਉਂਜੋ ਸਮੂਹ ਜਿਲਿਆਂ ਵਿਚ ਐਚ.ਟੀ. / ਸੀ.ਐੱਚ.ਟੀ. ਕਾਡਰ ਦੀਆਂ ਪਦ-ਉੱਨਤੀਆਂ ਵੱਖ-2 ਸਮਿਆਂ ਤੇ ਕੀਤੀਆਂ ਜਾਂਦੀਆਂ ਹਨ, ਇਸ ਲਈ ਇੰਟਰਸੇ ਸੀਨੀਆਰਤਾ ਫੀਡਰ ਕਾਡਰ ਦੀ ਮੈਰਿਟ ਦੇ ਆਧਾਰ ਤੇ ਤਿਆਰ ਨਹੀਂ ਕੀਤੀ ਜਾ ਸਕਦੀ, ਲਿਹਾਜਾ ਪਦ-ਉੱਨਤ ਕਰਮਚਾਰੀਆਂ ਦੀ ਇੰਟਰਸੇ Length of service / ਪਦ-ਉੱਨਤੀ ਦੀ ਮਿਤੀ ਦੇ ਆਧਾਰ ਤੇ ਤਿਆਰ ਕੀਤੀ ਗਈ ਹੈ।
   - (iii) ਸਿੱਧੀ ਭਰਤੀ ਅਧੀਨ ਨਿਯੁਕਤ ਐਚ.ਟੀ. / ਸੀ.ਐੱਚ.ਟੀ. ਕਾਡਰ ਦੇ ਕਰਮਚਾਰੀਆਂ ਨੂੰ, ਉਨਾਂ ਦੇ ਸਬੰਧਤ ਭਰਤੀ ਦੇ ਬੈਚ ਵਿੱਚ ਮੈਰਿਟ ਦੇ ਆਧਾਰ ਤੇ ਸੀਨੀਆਰਤਾ ਜਾਰੀ ਕੀਤੀ ਗਈ ਹੈ।
   - (iv) ਇੱਕੋ ਸਮੇਂ ਵਿੱਚ ਪਦ-ਉੱਨਤ ਅਤੇ ਸਿੱਧੀ ਭਰਤੀ ਰਾਹੀ ਨਿਯੁਕਤ ਐਚ.ਟੀ. / ਸੀ.ਐੱਚ.ਟੀ. ਕਾਡਰ ਦੇ ਕਰਮਚਾਰੀਆਂ ਨੂੰ ਇੰਟਰਸੇ ਸੀਨੀਆਰਤਾ ਜਾਰੀ ਕਰਨ ਸਮੇਂ ਪਦ-ਉੱਨਤ ਕਰਮਚਾਰੀਆਂ ਦੇ ਬੈਚ ਨੂੰ ਸੀਨੀਅਰ ਮੰਨਿਆ ਗਿਆ ਹੈ।
3. ਉਕਤ ਅਨੁਸਾਰ ਤਿਆਰ ਕੀਤੀ ਗਈ ਇੰਟਰਸੇ ਸੀਨੀਆਰਤਾ ਨੂੰ ਇਸ ਨੋਟਿਸ ਰਾਹੀਂ ਜਨਤਕ ਕਰਦਿਆਂ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਰਾਹੀਂ ਇਤਰਾਜਾਂ ਦੀ ਮੰਗ ਕੀਤੀ ਜਾਂਦੀ ਹੈ। ਐੱਚ.ਟੀ. ਅਤੇ ਸੀ.ਐੱਚ.ਟੀ. ਕਾਡਰ ਦੀਆਂ ਇੰਟਰਸੇ ਸੀਨੀਆਰਤਾ ਸੂਚੀਆਂ ਦੇ ਹੇਠਾਂ ਉਨਾਂ ਕਰਮਚਾਰੀਆਂ ਦੀ ਸੂਚੀ ਵੱਖ ਤੋਂ ਦਰਸਾਈ ਗਈ ਹੈ, ਜਿੰਨਾਂ ਦੇ ਵੇਰਵੇ ਅਧੂਰੇ ਹੋਣ ਕਾਰਨ ਸੀਨੀਆਰਤਾ ਨੰਬਰ ਅਲਾਟ ਨਹੀਂ ਕੀਤਾ ਜਾ ਸਕਿਆ। ਇਸ ਲਈ ਇਹ ਕਰਮਚਾਰੀ ਇੰਟਰਸੇ ਸੀਨੀਆਰਤਾ ਦੇ ਕਾਲਮਾਂ ਅਨੁਸਾਰ ਆਪਣੇ ਮੁਕੰਮਲ ਵੇਰਵੇ ਸਬੰਧਤ ਜਿ.ਸਿ.ਅ. ਦੇ ਦਫ਼ਤਰਾਂ ਰਾਹੀਂ ਮੁੱਖ ਦਫ਼ਤਰ ਨੂੰ ਭੇਜਣਗੇ।
4. ਸਮੂਹ ਕਰਮਚਾਰੀ ਆਪਣੇ ਇਤਰਾਜ ਮਿਤੀ 02.07.2026 ਤੱਕ ਸਬੰਧਤ ਜਿ.ਸਿ.ਅ. ਦੇ ਦਫਤਰਾਂ ਨੂੰ ਪੇਸ਼ ਕਰਨਗੇ ਅਤੇ ਸਮੂਹ ਜਿ.ਸਿ.ਅ. ਦੇ ਦਫ਼ਤਰ ਆਪਣੇ ਆਪਣੇ ਜਿਲੇ ਦੇ ਇਤਾਰਜਾਂ ਨੂੰ ਸੰਕਲਿਤ ਕਰਕੇ ਮਿਤੀ 05.07.2026 ਤੱਕ ਮੁੱਖ ਦਫ਼ਤਰ ਵਿਖੇ ਪੁਜਦੇ ਕਰਨਗੇ। ਸਮੂਹ ਜਿ.ਸਿ.ਅ. ਦੇ ਦਫ਼ਤਰ ਸੰਕਲਿਤ ਇਤਾਰਜਾਂ ਦੀ ਜਿ.ਸਿ.ਅ. ਤੋਂ ਹਸਤਾਖਰਿਤ (Signed) ਇੱਕ ਕਾਪੀ ਅਤੇ ਸਾਫਟ ਡਾਟਾ ਪੈੱਨ ਡਰਾਈਵ ਰਾਹੀਂ ਮੁੱਖ ਦਫ਼ਤਰ ਨੂੰ ਪੇਸ਼ ਕਰਨਗੇ।

ਨੋਟ- ਸਮੂਹ ਕਰਮਚਾਰੀ ਆਪਣੇ ਇਤਾਰਜ ਅਤੇ ਦ.ਜਿ.ਸਿ.ਅ. ਇਤਰਾਜਾਂ ਦੀ ਸੂਚੀ ਨੂੰ TIMES NEW ROMAN ਫ਼ਾਂਟ ਵਿੱਚ ਤਿਆਰ ਕਰਕੇ ਭੇਜਣਗੇ ਤਾਂ ਜੋ ਇੰਟਰਸੇ ਸੀਨੀਆਰਤਾ ਸੂਚੀਆਂ ਨੂੰ ਅੰਤਿਮ ਰੂਪ ਦੇਣ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)